Halton District School Board

Punjabi

ਨਵੰਬਰ 22, 2021

**ਸੈਕੰਡਰੀ ਦੇ ਵਿਦਿਆਰਥੀਆਂ (ਗ੍ਰੇਡ 9-12) ਲਈ ਪੜ੍ਹਾਈ ਦੇ ਮਾਡਲ ਵਿੱਚ ਤਬਦੀਲੀ ਲਈ ਫਾਰਮ**

HDSB ਦੇ ਸੈਕੰਡਰੀ ਦੇ ਵਿਦਿਆਰਥੀਆਂ (ਗ੍ਰੇਡ 9-12) ਦੇ ਪਿਆਰੇ ਪਰਿਵਾਰ,

ਸੈਕੰਡਰੀ ਦੇ ਵਿਦਿਆਰਥੀਆਂ ਦੇ ਉਹ ਪਰਿਵਾਰ ਜੋ 7 ਫਰਵਰੀ 2022 ਤੋਂ ਪੜ੍ਹਾਈ ਦੇ ਮਾਡਲ ਵਿੱਚ ਤਬਦੀਲੀ (ਯਾਨੀ ਨਿਜੀ ਹਾਜ਼ਰੀ ਦੀ ਥਾਂ 'ਤੇ ਦੂਰੀ/ਪੂਰੀ ਤਰ੍ਹਾਂ ਆਨਲਾਈਨ ਜਾਂ ਦੂਰੀ/ਪੂਰੀ ਤਰ੍ਹਾਂ ਆਨਲਾਈਨ ਦੀ ਥਾਂ 'ਤੇ ਨਿਜੀ ਹਾਜ਼ਰੀ) ਕਰਨਾ ਚਾਹੁੰਦੇ ਹਨ, ਉਹਨਾਂ ਲਈ *ਪੜ੍ਹਾਈ ਦੇ ਮਾਡਲ ਵਿੱਚ ਤਬਦੀਲੀ ਲਈ ਫਾਰਮ* ਭਰਨਾ ਜ਼ਰੂਰੀ ਹੈ। **ਇਹ ਫਾਰਮ ਹੁਣ ਖੁੱਲ੍ਹਾ ਹੈ ਅਤੇ ਬੁੱਧਵਾਰ 1 ਦਸੰਬਰ 2021 ਰਾਤ 11:59 ਵਜੇ ਤੱਕ ਭਰਿਆ ਜਾ ਸਕਦਾ ਹੈ।** ਇਹ ਫਾਰਮ **ਸਿਰਫ** ਉਹਨਾਂ ਪਰਿਵਾਰਾਂ ਲਈ ਹੈ ਜੋ ਪੜ੍ਹਾਈ ਦਾ ਮਾਡਲ ਬਦਲਣਾ ਚਾਹੁੰਦੇ ਹਨ। **ਜੇ ਤੁਸੀਂ ਪੜ੍ਹਾਈ ਦਾ ਮਾਡਲ ਤਬਦੀਲ ਨਹੀਂ ਕਰਨਾ ਚਾਹੁੰਦੇ ਤਾਂ ਕਿਰਪਾ ਕਰਕੇ ਇਸ ਫਾਰਮ ਨੂੰ ਨਾ ਭਰੋ; ਤੁਹਾਡਾ ਬੱਚਾ ਪੜ੍ਹਾਈ ਦੇ ਮੌਜੂਦਾ ਮਾਡਲ ਵਿੱਚ ਹੀ ਰਹੇਗਾ।**

ਫਾਰਮ ਭਰਨ ਤੋਂ ਪਹਿਲਾਂ ਸੈਕੰਡਰੀ ਦੇ ਵਿਦਿਆਰਥੀਆਂ ਦੇ ਪਰਿਵਾਰਾਂ ਨੂੰ ਹੇਠਾਂ ਦਿੱਤੀ ਜਾਣਕਾਰੀ ਦੇਖ ਲੈਣ ਲਈ ਪ੍ਰੇਰਿਤ ਕੀਤਾ ਜਾਂਦਾ ਹੈ। **ਕਿਰਪਾ ਕਰਕੇ ਯਕੀਨੀ ਬਣਾਓ ਕਿ ਤੁਹਾਡੇ ਵੱਲੋਂ ਜਮ੍ਹਾ ਕੀਤਾ ਗਿਆ ਫੈਸਲਾ ਤੁਹਾਡਾ ਅੰਤਮ ਫੈਸਲਾ ਹੋਵੇ। ਜੇ ਬੁੱਧਵਾਰ 1 ਦਸੰਬਰ 2021 ਰਾਤ 11:59 ਵਜੇ ਤੱਕ ਤੁਸੀਂ *ਪੜ੍ਹਾਈ ਦੇ ਮਾਡਲ ਵਿੱਚ ਤਬਦੀਲੀ ਲਈ ਫਾਰਮ* ਨਹੀਂ ਭਰੋਗੇ ਤਾਂ ਤੁਸੀਂ ਪੜ੍ਹਾਈ ਦੇ ਮਾਡਲ ਨੂੰ ਬਦਲ ਨਹੀਂ ਸਕੋਗੇ।**

ਜੇ ਤੁਸੀਂ **ਨਿਜੀ ਹਾਜ਼ਰੀ ਦੀ ਥਾਂ 'ਤੇ ਦੂਰੀ ਵਾਲੀ/ਪੂਰੀ ਤਰ੍ਹਾਂ ਆਨਲਾਈਨ** ਪੜ੍ਹਾਈ ਚਾਹੁੰਦੇ ਹੋ ਤਾਂ ਤੁਹਾਨੂੰ ਬੇਨਤੀ ਵਾਲੇ ਫਾਰਮ ਵਿੱਚ ਸਾਰੇ ਹੇਠਲੇ ਬਿਆਨਾਂ ਨੂੰ ਸਵੀਕਾਰ ਕਰਨਾ ਪਵੇਗਾ:

- ❑ ਵਿਦਿਆਰਥੀ ਪੂਰੀ ਤਰ੍ਹਾਂ ਆਨਲਾਈਨ ਪੜ੍ਹੇਗਾ।
- ❑ ਸਕੂਲ ਦੇ ਸ਼ੁਰੂ ਅਤੇ ਖਤਮ ਹੋਣ ਦੇ ਸਮੇਂ HDSB ਵਰਚੁਅਲ ਸੈਕੰਡਰੀ ਸਕੂਲ ਕਾਰਜਕ੍ਰਮ ਦੇ ਮੁਤਾਬਕ ਹੋਣਗੇ।
- ❑ ਹੋ ਸਕਦਾ ਹੈ ਕਿ ਵਿਦਿਆਰਥੀ ਦੇ ਇਲੈਕਟਿਵ ਕੋਰਸ ਵਰਤਮਾਨ ਟਾਈਮ ਟੇਬਲ ਵਿੱਚ ਉਪਲਬਧ ਨਾ ਹੋਣ। ਵਰਚੁਅਲ ਸੈਕੰਡਰੀ ਸਕੂਲ ਵਿਦਿਆਰਥੀ ਦੇ ਨਾਲ ਮਿਲ ਕੇ ਉਹਨਾਂ ਦੀ ਥਾਂ 'ਤੇ ਦੂਜੇ ਇਲੈਕਟਿਵ ਕੋਰਸ ਢੂੰਡਣਗੇ ਜਿਸ ਕਰਕੇ ਟਾਈਮ ਟੇਬਲ ਵਿੱਚ ਸਾਰੇ ਕੋਰਸਾਂ ਦੀ ਪਲੇਸਮੈਂਟ ਬਦਲ ਸਕਦੀ ਹੈ।
- ❑ ਹੇਠਲੇ ਵਿਸ਼ੇਸ਼ ਵੈਕਲਪਿਕ (optional) ਪ੍ਰੋਗਰਾਮ ਵਰਚੁਅਲ ਮਾਡਲ ਵਿੱਚ ਉਪਲਬਧ ਨਹੀਂ ਹੋਣਗੇ: Accelerated Learning Program, International Baccalaureate, Advanced Placement, SHSM, LEAP ਅਤੇ I-STEM.
- ❑ ਮਾਡਲ ਬਦਲਣ ਦੀ ਹਾਲਤ ਵਿੱਚ ਹੋ ਸਕਦਾ ਹੈ ਕਿ ਫ੍ਰੈਂਚ ਇਮਰਸ਼ਨ ਅਤੇ ਗਿਫ਼ਟਿਡ ਕਲੱਸਟਰ ਕੋਰਸ ਦੇ ਸੰਪੂਰਨ ਪੂਰਕ (full complement) ਉਪਲਬਧ ਨਾ ਹੋਣ।
- ❑ ਦੂਰੀ ਤੋਂ ਪੜ੍ਹਾਉਣ ਵਾਲਾ ਸਟਾਫ਼, ਹੋ ਸਕਦਾ ਹੈ, ਹੋਮ ਸੈਕੰਡਰੀ ਸਕੂਲ ਤੋਂ ਨਾ ਹੋਵੇ।
- ❑ ਦੂਰੀ ਤੋਂ ਪੜ੍ਹਨ ਵਾਲੇ ਵਿਦਿਆਰਥੀਆਂ ਨੂੰ ਆਪਣੇ ਹੋਮ ਸਕੂਲ ਵਿੱਚ ਨਿਜੀ ਮੌਜੂਦਗੀ ਵਾਲੇ ਸਕੂਲ ਕਲੱਬਾਂ ਜਾਂ ਟੀਮਾਂ ਵਿੱਚ ਹਿੱਸਾ ਲੈਣ ਦੀ ਇਜਾਜ਼ਤ ਨਹੀਂ ਦਿੱਤੀ ਜਾਏਗੀ। ਇਹ ਵਿਦਿਆਰਥੀ ਵਰਚੁਅਲ ਸਕੂਲ ਕਲੱਬਾਂ ਜਾਂ ਟੀਮਾਂ ਵਿੱਚ ਹਿੱਸਾ ਲੈ ਸਕਣਗੇ।
- ❑ ਗ੍ਰੈਜੂਏਟ ਕਰਨ ਵਾਲੇ ਸਾਲ ਦੇ ਵਿਦਿਆਰਥੀ ਆਪਣੇ ਮਨੋਨੀਤ ਹੋਮ ਸਕੂਲ ਤੋਂ ਗ੍ਰੈਜੂਏਟ ਕਰਨਗੇ (ਜੇ ਲਾਗੂ ਹੁੰਦਾ ਹੈ)।
- ❑ ਵਰਚੁਅਲ ਸੈਕੰਡਰੀ ਸਕੂਲ ਵਿੱਚ ਪੜ੍ਹਨ ਵਾਲੇ ਵਿਦਿਆਰਥੀਆਂ ਲਈ ਜ਼ਰੂਰੀ ਹੈ ਕਿ ਉਹ ਹਾਲਟਨ ਦੇ ਵਾਸੀ ਹੋਣ ਅਤੇ ਇਥੇ ਰਹਿੰਦੇ ਹੋਣ।
- ❑ ਵਿਦਿਆਰਥੀਆਂ ਨੂੰ ਉਹਨਾਂ ਦੇ ਮੌਜੂਦਾ ਟ੍ਰਾਂਸਪੋਰਟੇਸ਼ਨ ਮਾਰਗ ਤੋਂ ਹਟਾ ਦਿੱਤਾ ਜਾਏਗਾ (ਜੇ ਲਾਗੂ ਹੁੰਦਾ ਹੈ)।

ਜੇ ਤੁਸੀਂ **ਦੂਰੀ/ਪੂਰੀ ਤਰ੍ਹਾਂ ਆਨਲਾਈਨ ਦੀ ਥਾਂ 'ਤੇ ਨਿਜੀ ਹਾਜ਼ਰੀ** ਵਾਲੀ ਪੜ੍ਹਾਈ ਚਾਹੁੰਦੇ ਹੋ ਤਾਂ ਤੁਹਾਨੂੰ ਬੇਨਤੀ ਵਾਲੇ ਫਾਰਮ ਵਿੱਚ ਸਾਰੇ ਹੇਠਲੇ ਬਿਆਨਾਂ ਨੂੰ ਸਵੀਕਾਰ ਕਰਨਾ ਪਵੇਗਾ:

- ❑ ਵਿਦਿਆਰਥੀ ਆਪਣੇ ਹੋਮ ਸਕੂਲ ਵਿੱਚ ਪੂਰਾ ਦਿਨ, ਹਫ਼ਤੇ ਵਿੱਚ ਪੰਜ ਦਿਨ, ਨਿਯਮਿਤ ਸਮੇਂ 'ਤੇ ਸ਼ੁਰੂ ਅਤੇ ਖਤਮ ਹੋਣ ਤਕ ਨਿਜੀ ਤੌਰ 'ਤੇ ਮੌਜੂਦ ਰਹਿ ਕੇ ਪੜ੍ਹਾਈ ਕਰਨਗੇ।
- ❑ ਹੋ ਸਕਦਾ ਹੈ ਕਿ ਵਿਦਿਆਰਥੀ ਦੇ ਇਲੈਕਟਿਵ ਕੋਰਸ ਵਰਤਮਾਨ ਟਾਈਮ ਟੇਬਲ ਵਿੱਚ ਉਪਲਬਧ ਨਾ ਹੋਣ। ਮਨੋਨੀਤ ਹੋਮ ਸਕੂਲ ਵਿਦਿਆਰਥੀ ਦੇ ਨਾਲ ਮਿਲ ਕੇ ਉਹਨਾਂ ਦੀ ਥਾਂ 'ਤੇ ਦੂਜੇ ਇਲੈਕਟਿਵ ਕੋਰਸ ਢੂੰਡਣਗੇ ਜਿਸ ਕਰਕੇ ਟਾਈਮ ਟੇਬਲ ਵਿੱਚ ਸਾਰੇ ਕੋਰਸਾਂ ਦੀ ਪਲੇਸਮੈਂਟ ਬਦਲ ਸਕਦੀ ਹੈ।
- ❑ ਨਿਜੀ ਹਾਜ਼ਰੀ ਵਾਲੇ ਵਿਦਿਆਰਥੀ ਆਪਣੇ ਹੋਮ ਸਕੂਲ ਵਿੱਚ ਸਕੂਲ ਕਲੱਬਾਂ ਅਤੇ ਟੀਮਾਂ ਵਿੱਚ ਹਿੱਸਾ ਲੈ ਸਕਣਗੇ।
- ❑ ਹਰ ਰੋਜ਼ ਸਕੂਲ ਆਉਣ ਤੋਂ ਪਹਿਲਾਂ ਵਿਦਿਆਰਥੀਆਂ ਲਈ ਓਂਟਾਰੀਓ ਸਰਕਾਰ ਦੇ COVID-19 School Screening Tool ਦੀ ਵਰਤੋਂ ਕਰਦੇ ਹੋਏ ਰੋਜ਼ਾਨਾ ਸਵੈ-ਸਕ੍ਰੀਨਿੰਗ ਕਰਨਾ ਜ਼ਰੂਰੀ ਹੈ।

## ਸੈਕੰਡਰੀ ਵਿਦਿਆਰਥੀਆਂ ਲਈ *ਪੜ੍ਹਾਈ ਦੇ ਮਾਡਲ ਵਿੱਚ ਤਬਦੀਲੀ ਲਈ ਫਾਰਮ* ਹੁਣੇ ਭਰੋ:

**https://bit.ly/LearningModelSEC**

ਪੜ੍ਹਾਈ ਦਾ ਮਾਡਲ ਬਦਲਣ ਵਾਲੇ ਵਿਦਿਆਰਥੀ ਆਪਣੇ ਚੁਣੇ ਹੋਏ ਮਾਡਲ ਵਿੱਚ ਸੋਮਵਾਰ, 7 ਫਰਵਰੀ 2022 ਤੋਂ ਜਾਣਗੇ। ਉਸ ਮਿਤੀ ਤੱਕ ਵਿਦਿਆਰਥੀਆਂ ਤੋਂ ਮੌਜੂਦਾ ਮਾਡਲ ਵਿੱਚ ਪੜ੍ਹਾਈ ਜਾਰੀ ਰੱਖਣ ਦੀ ਆਸ ਕੀਤੀ ਜਾਂਦੀ ਹੈ।

ਕਸਟਡੀ ਬਾਬਤ ਸਮਝੌਤੇ ਅਤੇ ਸਿੱਖਿਆ ਬਾਰੇ ਸਾਂਝੇ ਫੈਸਲੇ ਕਰਨ ਵਾਲੇ ਪਰਿਵਾਰਾਂ ਦੇ ਮਾਮਲੇ ਵਿੱਚ ਇਸ ਫੈਸਲੇ ਬਾਰੇ ਦੋਨੋਂ ਪੱਖ ਸਹਿਮਤ ਹੋਣੇ ਚਾਹੀਦੇ ਹਨ। ਪੱਕਾ ਪਤਾ ਕਰਨ ਲਈ ਆਪਣੇ ਬੱਚੇ ਦੇ ਸਕੂਲ ਨਾਲ ਸੰਪਰਕ ਕਰੋ।

### ਹੋਰ ਜਾਣਕਾਰੀ

ਹੋਰ ਜਾਣਕਾਰੀ ਲਈ ਕਿਰਪਾ ਕਰਕੇ ਆਪਣੇ ਬੱਚੇ ਦੇ ਸਕੂਲ ਨਾਲ ਸੰਪਰਕ ਕਰੋ। ਪੜ੍ਹਾਈ ਦੇ ਦੋ ਮਾਡਲਾਂ ਬਾਰੇ ਹੋਰ ਜਾਣਕਾਰੀ ਲਈ ਕਿਰਪਾ ਕਰਕੇ ਸਾਡੀ September 2021 Plan website 'ਤੇ *ਅਕਸਰ ਪੁੱਛੇ ਜਾਣ ਵਾਲੇ ਸਵਾਲ* (FAQs) ਦੇਖੋ।

HDSB ਦੀ ਵੈਬਸਾਈਟ, SchoolMessenger ਈਮੇਲਾਂ ਅਤੇ ਸੋਸ਼ਲ ਮੀਡਿਆ (Twitter, Facebook, Instagram) ਰਾਹੀਂ ਅਸੀਂ ਤੁਹਾਨੂੰ ਜਾਣਕਾਰੀ ਦੇਣਾ ਜਾਰੀ ਰੱਖਾਂਗੇ।

**ਨੋਟ:** ਇਹ ਸੁਨੇਹਾ Gary Allan Learning Centre ਦੇ ਵਿਦਿਆਰਥੀਆਂ ਲਈ ਨਹੀਂ ਹੈ। ਇਹਨਾਂ ਵਿਦਿਆਰਥੀਆਂ/ਪਰਿਵਾਰਾਂ ਨੂੰ ਸੁਨੇਹਾ ਸਿੱਧਾ Gary Allan Learning Centres ਦੇ ਮੁੱਖ ਆਫਿਸ ਵੱਲੋਂ ਆਏਗਾ।